**ਦਫ਼ਤਰ ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ**
**ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫ਼ੇਜ਼-8, ਸਅਸ ਨਗਰ (ਸੇਵਾਵਾਂ ਸ਼ਾਖਾ)**
**email: dpiee.service@punjabeducation.gov.in, Ph. no. 0172-2233916**

**Date bound** Via Email

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ),
ਸਮੂਹ ਉਪ-ਜਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ),
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਸਮੂਹ ਸਕੂਲ ਪ੍ਰਿੰਸਪੀਲ/ਮੁਖੀ,
ਪੰਜਾਬ ਰਾਜ।

ਮੀਮੋ ਨੰ: ਈ-858308/2025/ 286
ਮਿਤੀ: ਸਅਸ ਨਗਰ; 13-08-2025

**ਵਿਸ਼ਾ:-** **ਸੁਤੰਤਰਤਾ ਦਿਵਸ ਸਮਾਗਮ ਵਿੱਚ ਸਕੂਲ ਮੈਨੇਜਮੈਂਟ ਕਮੇਟੀਆਂ (SMCs) ਦੇ ਸਮੂਹ ਮੈਂਬਰਾਂ ਦੀ ਭਾਗੀਦਾਰੀ ਕਰਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ 15th ਅਗਸਤ, 2025, ਦਿਨ ਸ਼ੁਕਰਵਾਰ, ਨੂੰ ਨਵੀਂਆਂ ਗਠਿਤ ਸਕੂਲ ਮੈਨੇਜਮੈਂਟ ਕਮੇਟੀਆਂ (SMCs) ਦੇ ਸਮੂਹ ਮੈਂਬਰਾਂ ਨੂੰ ਸੁਤੰਤਰਤਾ ਦਿਵਸ ਦੇ ਸ਼ੁੱਭ ਮੌਕੇ ਤੇ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਕੇ ਵੱਡਮੁੱਲਾ ਯੋਗਦਾਨ ਪਾਉਣ ਲਈ ਵਿਸ਼ੇਸ਼ ਸੱਦਾ ਦਿੱਤਾ ਜਾਵੇ। ਇਸ ਸਬੰਧ ਵਿੱਚ ਆਪਣੇ ਜਿਲ੍ਹੇ ਅਧੀਨ ਆਉਂਦੇ ਸਮੂਹ ਸਕੂਲਾਂ ਨੂੰ ਦੇਸ਼ ਦੀ ਆਜ਼ਾਦੀ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਸਨਮਾਨ ਕਰਨ ਬਾਰੇ ਨਿਮਨਲਿਖ਼ਤ ਵੇਰਵਿਆਂ ਅਨੁਸਾਰ ਲੋੜੀਂਦੇ ਆਦੇਸ਼ ਜਾਰੀ ਕੀਤੇ ਜਾਣ:-

1. **ਨਵੇਂ ਬਣੇ ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਨੂੰ ਸੱਦਾ ਦੇਕੇ ਨਿੱਘਾ ਸਵਾਗਤ ਕੀਤਾ ਜਾਵੇ:-**
   - ਸਕੂਲ ਵਿੱਚ ਆਜ਼ਾਦੀ ਦਿਵਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ SMC ਮੈਂਬਰਾਂ ਨੂੰ ਰਸਮੀ ਸੱਦਾ ਦਿੱਤਾ ਜਾਵੇ।
   - ਇਹ ਯਕੀਨੀ ਬਣਾਇਆ ਜਾਵੇ ਕਿ ਐਸ.ਐਮ.ਸੀ. ਮੈਂਬਰਾਂ ਦੇ ਬੈਠਣ ਲਈ ਢੁਕਵੇਂ ਪ੍ਰਬੰਧ ਕੀਤੇ ਗਏ ਹਨ।
2. **ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਦੀ ਆਪਸ ਵਿੱਚ ਜਾਣ-ਪਛਾਣ ਕਰਵਾਉਣਾ:-**
   - ਸੁਤੰਤਰਤਾ ਦਿਵਸ ਦੇ ਮੌਕੇ ਤੇ ਸਕੂਲ ਦੇ ਸਟਾਫ਼ ਮੈਂਬਰਾਂ, ਵਿਦਿਆਰਥੀਆਂ, ਐਸ.ਐਮ.ਸੀ. ਮੈਂਬਰਾਂ ਦੇ ਨਾਮ ਅਤੇ ਅਹੁੱਦੇ ਨਾਲ ਜਾਣੂ ਕਰਵਾਇਆ ਜਾਵੇ।
   - ਸਕੂਲ ਦੇ ਸੰਚਾਲਣ ਵਿੱਚ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਭੂਮਿਕਾ, ਯੋਗਦਾਨ ਅਤੇ ਮਹੱਤਵ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਵੇ।
3. **ਸ਼ਨਾਖ਼ਤ ਕਾਰਡ (I.D. card) ਅਤੇ SMC ਦਿਸ਼ਾ-ਨਿਰਦੇਸ਼ ਪੁਸਤਿਕਾਵਾਂ ਦੀ ਵੰਡ:-**
   - ਨਵੇਂ ਐਸ.ਐਮ.ਸੀ. ਮੈਂਬਰਾਂ ਨੂੰ ਲਾਜਮੀ ਤੌਰ ਤੇ ਸ਼ਨਾਖਤ ਕਾਰਡ ਵੰਡੇ ਜਾਣ।
   - ਹਰੇਕ ਨਵੇਂ ਮੈਂਬਰ ਨੂੰ ਵਧੇਰੀ ਜਾਣਕਾਰੀ ਲਈ ਐਸ.ਐਮ.ਸੀ. ਦਿਸ਼ਾ-ਨਿਰਦੇਸ਼ ਪੁਸਤਿਕਾ ਦਿੱਤੀ ਜਾਵੇ।
4. **ਸਥਾਨਕ ਮਹਿਲਾ ਆਗੂ/ਮਹਿਲਾ ਐਸ.ਐਮ.ਸੀ. ਮੈਂਬਰ ਨੂੰ ਮੁੱਖ ਬੁਲਾਰੇ ਵਜੋਂ ਸੱਦਾ ਦਿਓ:-**
   - ਸੁਤੰਤਰਤਾ ਦਿਵਸ ਤੇ ਇਕੱਠ ਨੂੰ ਸੰਬੋਧਨ ਕਰਨ ਲਈ ਇੱਕ ਸਥਾਨਕ ਮਹਿਲਾ ਆਗੂ/ਮਹਿਲਾ ਐਸ.ਐਮ.ਸੀ. ਮੈਂਬਰ ਦੀ ਪਛਾਣ ਕਰਕੇ ਸੱਦਾ ਦਿੱਤਾ ਜਾਵੇ।
5. **ਸੋਸ਼ਲ ਮੀਡੀਆ ਤੇ ਪ੍ਰੋਗਰਾਮ ਦੇ ਅਪਡੇਟਸ ਸਾਂਝੇ ਕਰਨਾ (ਸੁਝਾਅ ਦੇਣਯੋਗ)**
   - ਸਕੂਲ ਦੇ ਵਾਟਸਐਪ ਗਰੁੱਪਾਂ ਵਿੱਚ ਕਹਾਣੀਆਂ ਅਤੇ ਪ੍ਰੋਗਰਾਮ ਸਬੰਧੀ ਅਪਡੇਟਸ ਸਾਂਝੇ ਕੀਤੇ ਜਾਣ।
   - ਪ੍ਰੋਗਰਾਮ ਦੇ ਅਪਡੇਟਸ ਸੋਸ਼ਲ ਮੀਡੀਆ ਤੇ ਪੋਸਟ ਕਰਕੇ ਸਬੰਧਤ ਭਾਗੀਦਾਰ/ਹਿੱਸੇਦਾਰਾਂ ਨੂੰ ਟੈਗ ਕਰਨਗੇ।

ਇਸ ਪਹਿਲਕਦਮੀ ਦਾ ਮੁੱਖ ਉਦੇਸ਼ ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਦੇ ਯੋਗਦਾਨ ਨੂੰ ਮਾਨਤਾ ਦੇਣਾ ਹੈ। ਸਕੂਲਾਂ ਦੇ ਕੰਮਕਾਜ ਅਤੇ ਵਿਕਾਸ ਵਿੱਚ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ ਹੈ। ਇਸ ਸਬੰਧ ਵਿੱਚ ਤੁਹਾਡੇ ਸਹਿਯੋਗ ਦੀ ਬਹੁਤ ਪ੍ਰਸ਼ੰਸਾ ਕੀਤੀ ਜਾਂਦੀ ਹੈ।

**ਹਰਕੀਰਤ ਕੌਰ ਚਾਨੇ, ਪੀ.ਸੀ.ਐਸ.**
**ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ**

ਪਿੱਠ ਅੰਕਣ ਨੰ:

ਮਿਤੀ: 13-08-2025

ਉਤਾਰਾ ਨਿਮਨਲਿਖ਼ਤ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਹਾਇਕ, ਮਾਨਯੋਗ ਸਕੱਤਰ, ਸਕੂਲ ਸਿੱਖਿਆ, ਪੰਜਾਬ।
2. ਨਿੱਜੀ ਸਹਾਇਕ, ਮਾਨਯੋਗ ਡਾਇਰੈਕਟਰ ਜਨਰਲ, ਸਕੂਲ ਐਜੂਕੇਸ਼ਨ, ਪੰਜਾਬ।
3. ਨਿੱਜੀ ਸਹਾਇਕ, ਡਾਇਰੈਕਟਰ, ਸਕੂਲ ਐਜੂਕੇਸ਼ਨ (ਐਸਿ/ਸੈਸਿ), ਪੰਜਾਬ।
4. ਨਿੱਜੀ ਸਹਾਇਕ, ਦਫ਼ਤਰ ਐਸ.ਸੀ.ਈ.ਆਰ.ਟੀ., ਪੰਜਾਬ।
5. ਜਿਲ੍ਹਾ ਕੋਆਰਡੀਨੇਟਰ, ਐਮ.ਆਈ.ਐਸ. ਵਿੰਗ, ਪੰਜਾਬ।

**ਸਹਾਇਕ ਡਾਇਰੈਕਟਰ**
**ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ**